General Certificate of Secondary Education
Higher Tier
June 2012

# Panjabi

# 46801HT

**Unit 1 Listening Test Transcript**

**Friday 1 June 2012 1.30 pm to 2.15 pm approximately (including reading time)**

# H

**FOR INVIGILATOR'S USE ONLY**

**Time allowed**
- 40 minutes + 5 minutes reading time before the test

- **The pauses are pre-recorded for this test.**

This is what you should do for each item.
- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- Answer **all** questions in **English**.
- You must answer the questions in the spaces provided. Do not write outside the box around each page or on blank pages.
- Write neatly and put down all the information you are asked to give.
- Ask any questions now. **You must not ask questions or interrupt during the test.***
- You now have five minutes to read through the question paper. You may make notes during this time. You may open your answer book now.
- **The test starts now.**

Once the recording has started, the Invigilator must not pause it **at any time** as all pauses, including the five minutes reading time, are pre-recorded.

***If candidates ask any questions at this point, the Invigilator should pause the recording until the questions have been answered. The recording should then be restarted.

**1 (a)** **M** ਮੇਰਾ ਨਾਂ ਬਲਬੀਰ ਹੈ। ਮੈਂ ਇੱਕ ਦੁਕਾਨ ਵਿੱਚ ਪਾਰਟ ਟਾਈਮ ਨੌਕਰੀ ਕਰਦਾ ਹਾਂ। ਇਹ ਨੌਕਰੀ ਮੈਨੂੰ ਬਹੁਤ ਪਸੰਦ ਹੈ ਕਿਉਂਕਿ ਕੰਮ ਕਾਫੀ ਸੌਖਾ ਅਤੇ ਦਿਲਚਸਪ ਹੈ ਪਰ ਕੰਮ ਦੂਰ ਹੋਣ ਕਰਕੇ ਮੈਨੂੰ ਪਹੁੰਚਣ ਨੂੰ ਕਾਫੀ ਸਮਾਂ ਲੱਗ ਜਾਂਦਾ ਹੈ।

**1 (b)** **F** ਮੈਂ ਪਰੀਯਾ ਹਾਂ। ਮੈਂ ਇੱਕ ਦਫਤਰ ਵਿੱਚ ਪਾਰਟ ਟਾਈਮ ਕੰਮ ਕਰਦੀ ਹਾਂ । ਇਹ ਕੰਮ ਮੈਂ ਬਿਲਕੁਲ ਪਸੰਦ ਨਹੀਂ ਕਰਦੀ ਕਿਉਂਕਿ ਸਾਰਾ ਸਮਾਂ ਕਾਗਜ਼ ਪੱਤਰ ਸੰਭਾਲਣ ਵਿੱਚ ਹੀ ਲੰਘ ਜਾਂਦਾ ਹੈ। ਪਰ ਮੇਰੇ ਨਾਲ ਕੰਮ ਕਰਨ ਵਾਲੇ ਬਹੁਤ ਚੰਗੇ ਹਨ ਇਸ ਕਰਕੇ ਟਾਈਮ ਛੇਤੀ ਪਾਸ ਹੋ ਜਾਂਦਾ ਹੈ।

**2** **M** ਮੇਰੇ ਇਲਾਕੇ ਵਿੱਚ ਹਰ ਪ੍ਰਕਾਰ ਦੀਆਂ ਸਹੂਲਤਾਂ ਹਨ ਅਤੇ ਮੈਂ ਬਹੁਤ ਖੁਸ਼ ਹਾਂ ਪਰ ਮੈਨੂੰ ਆਪਣੇ ਇਲਾਕੇ ਵਿੱਚ ਥਾਂ ਥਾਂ ਤੇ ਖਿਲਰਿਆ ਕੂੜਾ ਬਿਲਕੁਲ ਪਸੰਦ ਨਹੀਂ ਹੈ ਜਿਸ ਨਾਲ ਪ੍ਰਦੂਸ਼ਣ ਫੈਲਦਾ ਹੈ।

**3** **F1** ਪ੍ਰੀਤੀ ਤੇਰੇ ਕੰਪਿਊਟਰ ਬਾਰੇ ਕੀ ਵਿਚਾਰ ਹਨ?

**F2** ਕਿਰਨ, ਅੱਜ ਕੱਲ੍ਹ ਕੰਪਿਊਟਰ ਦਾ ਜ਼ਮਾਨਾ ਹੈ, ਇਹ ਤੁਹਾਡੇ ਬਹੁਤ ਸਾਰੇ ਕੰਮਾਂ ਵਿੱਚ ਮਦਦ ਕਰ ਸਕਦਾ ਹੈ। ਕੰਪਿਊਟਰ ਤੇ ਕੰਮ ਜਲਦੀ ਹੋ ਜਾਂਦਾ ਹੈ ਅਤੇ ਹੁਣ ਲੋਕ ਇਸ ਤੋਂ ਬਗੈਰ ਰਹਿ ਵੀ ਨਹੀਂ ਸਕਦੇ।

**F1** ਪਰ ਪ੍ਰੀਤੀ ਕਈ ਲੋਕ ਤਾਂ ਇਸ ਦਾ ਗਲਤ ਫਾਇਦਾ ਉਠਾਉਂਦੇ ਹਨ। ਮੇਰਾ ਭਰਾ ਤਾਂ ਹਰ ਵੇਲੇ ਇੰਟਰਨੈੱਟ ਤੇ ਆਪਣੇ ਦੋਸਤਾਂ ਨਾਲ ਹੀ ਗੱਲਾਂ ਕਰਦਾ ਰਹਿੰਦਾ ਹੈ ਅਤੇ ਸਕੂਲ ਦਾ ਕੰਮ ਬਿਲਕੁਲ ਨਹੀਂ ਕਰਦਾ।

**F2** ਕਿਰਨ, ਮੈਂ ਤਾਂ ਇੰਟਰਨੈੱਟ ਤੇ ਸਕੂਲ ਦਾ ਕੰਮ ਹੀ ਕਰਦੀ ਹਾਂ ਅਤੇ ਕੰਪਿਊਟਰ ਦੀ ਵਰਤੋਂ ਸਿਰਫ ਪੜ੍ਹਾਈ ਲਈ ਹੀ ਕਰਦੀ ਹਾਂ।

**4** **M** ਆਓ ਆਓ ਅਤੇ ਆਪਣੇ ਬੱਚਿਆਂ ਨੂੰ ਵੀ ਨਾਲ ਲਿਆਓ। ਲੰਡਨ ਦੇ ਹਾਈਡ ਪਾਰਕ ਵਿੱਚ ਐਤਵਾਰ ਨੂੰ ਮੇਲੇ ਦਾ ਆਨੰਦ ਮਾਣੋ। ਸਵੇਰ ਨੂੰ ਗੀਤ ਸੰਗੀਤ ਦੇ ਪ੍ਰੋਗਰਾਮ ਹੋਣਗੇ ਅਤੇ ਦੁਪਹਿਰ ਤੋਂ ਬਾਅਦ ਖੇਡਾਂ ਦੇ ਮੁਕਾਬਲੇ ਹੋਣਗੇ। ਵੱਖ ਵੱਖ ਤਰ੍ਹਾਂ ਦੇ ਪੰਜਾਬੀ ਖਾਣਿਆਂ ਦੇ ਸਟਾਲ ਹੋਣਗੇ।

**5** **M** ਕੌਂਸਲ ਨੇ ਤੁਹਾਡੇ ਇਲਾਕੇ ਵਿੱਚ ਹਰੇ ਅਤੇ ਭੂਰੇ ਬਿਨ ਰੱਖੇ ਹਨ । ਭੂਰੇ ਬਿਨ ਵਿੱਚ ਤੁਸੀਂ ਬਗੀਚੇ ਦਾ ਕੂੜਾ, ਪੱਤੇ ਅਤੇ ਟਾਹਣੀਆਂ ਪਾ ਸਕਦੇ ਹੋ। ਹਰੇ ਬਿਨ ਵਿੱਚ ਸਿਰਫ ਉਹ ਚੀਜ਼ਾਂ ਪਾਓ ਜਿਨ੍ਹਾਂ ਦੀ ਮੁੜ ਵਰਤੋਂ ਕੀਤੀ ਜਾ ਸਕਦੀ ਹੋਵੇ ਜਿਵੇਂ ਕਿ ਪਲਾਸਟਿਕ ਅਤੇ ਕਾਗਜ਼ ਆਦਿ। ਇਸ ਤਰ੍ਹਾਂ ਕਰਨ ਨਾਲ ਤੁਸੀਂ ਕੌਂਸਲ ਦੀ ਕੂੜਾ ਸੰਭਾਲਣ ਵਿੱਚ ਕਾਫੀ ਮਦਦ ਕਰ ਸਕਦੇ ਹੋ। ਧੰਨਵਾਦ।

**6 (a)** **F** ਰੀਨਾ: ਹਰੀਸ਼, ਤੁਸੀਂ ਗਰਮੀਆਂ ਦੀਆਂ ਛੁੱਟੀਆਂ ਵਿੱਚ ਕੀ ਕੀਤਾ ਸੀ?

**M** ਹਰੀਸ਼: ਮੈਂ ਤਾਂ ਇੱਕ ਬਿਲਡਰ ਨਾਲ ਕੰਮ ਕੀਤਾ ਸੀ।

**F** ਰੀਨਾ: ਇਹ ਕੰਮ ਤੁਹਾਨੂੰ ਕਿਵੇਂ ਲੱਗਿਆ ?

**M** ਹਰੀਸ਼: ਇਹ ਕੰਮ ਬਹੁਤ ਔਖਾ ਸੀ ਅਤੇ ਸਾਰਾ ਦਿਨ ਮਜ਼ਦੂਰੀ ਕਰਨੀ ਪੈਂਦੀ ਸੀ ਅਤੇ ਭਾਰਾ ਸਾਮਾਨ ਚੁੱਕਣਾ ਪੈਂਦਾ ਸੀ। ਇਸ ਕੰਮ ਦੇ ਮੈਨੂੰ ਪੈਸੇ ਵੀ ਬਹੁਤ ਘੱਟ ਮਿਲਦੇ ਸਨ ਕਿਉਂਕਿ ਮੈਨੂੰ ਹੱਥੀਂ ਕੰਮ ਨਹੀਂ ਸੀ ਕਰਨਾ ਆਉਂਦਾ।

**F** ਰੀਨਾ: ਤੁਸੀਂ ਹੋਰ ਲੋਕਾਂ ਨੂੰ ਇਸ ਬਾਰੇ ਕੀ ਕਹਿਣਾ ਚਾਹੋਗੇ ?

**M** ਹਰੀਸ਼: ਮੈਂ ਤਾਂ ਆਪਣੇ ਕੰਮ ਤੋਂ ਇਹੀ ਸਿੱਖਿਆ ਹੈ ਕਿ ਕੋਈ ਨਾ ਕੋਈ ਕੰਮ ਜ਼ਰੂਰ ਸਿੱਖ ਲੈਣਾ ਚਾਹੀਦਾ ਹੈ ਤਾਂ ਹੀ ਤੁਸੀਂ ਚੰਗੇ ਪੈਸੇ ਕਮਾ ਸਕਦੇ ਹੋ ਅਤੇ ਤੁਹਾਨੂੰ ਸੌਖਾ ਕੰਮ ਮਿਲ ਸਕਦਾ ਹੈ।

**6 (b) M** ਰੀਨਾ, ਤੁਸੀਂ ਆਪਣੇ ਬਾਰੇ ਦੱਸੋ ?

**F** ਰੀਨਾ: ਮੈਂ ਤਾਂ ਇੱਕ ਸਕੂਲ ਵਿੱਚ ਕੰਮ ਕੀਤਾ ਸੀ।

**M** ਹਰੀਸ਼: ਤੁਹਾਨੂੰ ਉੱਥੇ ਕੀ ਕੰਮ ਕਰਨਾ ਪੈਂਦਾ ਸੀ ?

**F** ਰੀਨਾ: ਮੈਂ ਇੱਕ ਅਧਿਆਪਕ ਨਾਲ ਕੰਮ ਕਰਦੀ ਸੀ ਅਤੇ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਾਉਂਦੀ ਸੀ।

**M** ਹਰੀਸ਼: ਤੁਹਾਨੂੰ ਉੱਥੇ ਸਭ ਤੋਂ ਜ਼ਿਆਦਾ ਚੰਗਾ ਕੀ ਲੱਗਾ ਅਤੇ ਕਿਉਂ ?

**F** ਰੀਨਾ: ਮੈਨੂੰ ਬੱਚਿਆਂ ਨਾਲ ਕੰਮ ਕਰਕੇ ਬਹੁਤ ਮਜ਼ਾ ਆਉਂਦਾ ਸੀ ਅਤੇ ਸਕੂਲ ਵਿੱਚ ਕੰਮ ਕਰਕੇ ਮੈਂ ਬਹੁਤ ਸਾਰੀਆਂ ਨਵੀਆਂ ਗੱਲਾਂ ਸਿੱਖੀਆਂ ਖਾਸ ਕਰਕੇ ਮਾਪਿਆਂ ਨਾਲ ਬੱਚਿਆਂ ਦੀ ਪੜ੍ਹਾਈ ਬਾਰੇ ਕਿਵੇਂ ਗੱਲਬਾਤ ਕਰਨੀ ਹੈ। ਮੈਂ ਤਾਂ ਵੱਡੀ ਹੋ ਕੇ ਵਿਗਿਆਨ ਦੀ ਅਧਿਆਪਕ ਬਣਾਂਗੀ ਕਿਉਂਕਿ ਇਹ ਵਿਸ਼ਾ ਪੜ੍ਹਾਉਣ ਲਈ ਬਹੁਤ ਦਿਲਚਸਪ ਹੈ ਅਤੇ ਵਿਗਿਆਨ ਦੇ ਅਧਿਆਪਕਾਂ ਦੀ ਘਾਟ ਹੈ।

**7 M** ਵਿਕਰਮ: ਬਿਮਲਾ, ਤੁਸੀਂ ਆਪਣੀ ਭੈਣ ਦੇ ਵਿਆਹ ਲਈ ਸ਼ੌਪਿੰਗ ਕਰਨ ਪੰਜਾਬ ਕਿਉਂ ਗਏ ਸੀ ?

**F** ਬਿਮਲਾ: ਉੱਥੇ ਤੁਹਾਡੀ ਪਸੰਦ ਦੀਆਂ ਚੀਜ਼ਾਂ ਮਿਲ ਜਾਂਦੀਆਂ ਹਨ ਅਤੇ ਕਾਫੀ ਸੁਹਣੀਆਂ ਹੁੰਦੀਆਂ ਹਨ।

**M** ਵਿਕਰਮ: ਪਰ ਕਈ ਲੋਕ ਤਾਂ ਉੱਥੇ ਸ਼ੌਪਿੰਗ ਕਰਨੀ ਪਸੰਦ ਨਹੀਂ ਕਰਦੇ, ਤੁਹਾਨੂੰ ਕਿਹੜੀਆਂ ਗੱਲਾਂ ਚੰਗੀਆਂ ਨਹੀਂ ਲੱਗੀਆਂ ?

**F** ਬਿਮਲਾ: ਇੰਗਲੈਂਡ ਦੇ ਮੁਕਾਬਲੇ ਮੈਨੂੰ ਉੱਥੋਂ ਦੇ ਦੁਕਾਨਦਾਰਾਂ ਦਾ ਵਤੀਰਾ ਚੰਗਾ ਨਹੀਂ ਲੱਗਿਆ। ਉੱਥੇ ਚੀਜ਼ਾਂ ਖਰੀਦਣ ਵੇਲੇ ਕੀਮਤਾਂ ਘੱਟ ਕਰਾਉਣ ਲਈ ਤੁਹਾਨੂੰ ਬਹਿਸ ਕਰਨੀ ਪੈਂਦੀ ਹੈ ਅਤੇ ਉਹ ਜ਼ਬਰਦਸਤੀ ਚੀਜ਼ਾਂ ਖਰੀਦਣ ਲਈ ਜ਼ੋਰ ਪਾਉਂਦੇ ਹਨ। ਪਰ ਫਿਰ ਵੀ ਬਹੁਤੇ ਲੋਕ ਸ਼ੌਪਿੰਗ ਕਰਨ ਪੰਜਾਬ ਹੀ ਜਾਂਦੇ ਹਨ।

**Turn over ▶**

8 **M** ਅੱਜ ਦੇ ਪ੍ਰੋਗਰਾਮ ਵਿੱਚ ਮੈਂ ਤੁਹਾਨੂੰ ਬਰਮਿੰਘਮ ਕੌਂਸਲ ਵੱਲੋਂ ਲੋਕਾਂ ਨੂੰ ਸੂਰਜੀ ਊਰਜਾ ਰਾਹੀਂ ਪੈਦਾ ਹੋਣ ਵਾਲੀ ਬਿਜਲੀ ਬਾਰੇ ਦੱਸਾਂਗਾ। ਊਰਜਾ ਪੈਦਾ ਕਰਨ ਲਈ ਛੱਤ ਵਿੱਚ ਪੈਨਲ ਲਾ ਕੇ ਸੂਰਜ ਤੋਂ ਸ਼ਕਤੀ ਪ੍ਰਾਪਤ ਕੀਤੀ ਜਾਂਦੀ ਹੈ। ਇਸ ਨਾਲ ਪੈਸੇ ਦੀ ਕਾਫੀ ਬੱਚਤ ਹੁੰਦੀ ਹੈ ਅਤੇ ਹਵਾ ਵਿੱਚ ਪ੍ਰਦੂਸ਼ਣ ਘਟਦਾ ਹੈ। ਇਹ ਵਾਤਾਵਰਣ ਲਈ ਵੀ ਚੰਗਾ ਹੈ। ਇਹ ਸਿਸਟਮ ਲੁਆਉਣ ਲਈ ਕੌਂਸਲ ਵੱਲੋਂ ਗਰਾਂਟਾਂ ਵੀ ਦਿੱਤੀਆਂ ਜਾਣਗੀਆਂ।

9 **M** ਹਰਪਾਲ: ਜੋਤੀ ਤੁਸੀਂ ਕੱਲ੍ਹ ਨੂੰ ਕੀ ਕਰਨਾ ਹੈ?

**F** ਮੈਂ ਆਪਣੀਆ ਅੱਖਾਂ ਦਾ ਟੈਸਟ ਕਰਾਉਣ ਜਾਣਾ ਹੈ ਕਿਉਂਕਿ ਮੇਰੀ ਨਜ਼ਰ ਕਾਫੀ ਕਮਜ਼ੋਰ ਹੋ ਗਈ ਹੈ ਅਤੇ ਮੈਨੂੰ ਪੜ੍ਹਨ ਵਿੱਚ ਕਾਫੀ ਮੁਸ਼ਕਲ ਪੇਸ਼ ਆਉਂਦੀ ਹੈ।

10 **M** ਮੇਰੇ ਖਿਆਲ ਵਿੱਚ ਹਰ ਪੰਜਾਬੀ ਨੂੰ ਆਪਣੀ ਮਾਂ ਬੋਲੀ ਆਉਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ ਕਿਉਂਕਿ ਇਸ ਨਾਲ ਆਪਣੇ ਧਰਮ, ਸਭਿਆਚਾਰ ਅਤੇ ਪਿਛੋਕੜ ਬਾਰੇ ਪਤਾ ਲਗਦਾ ਹੈ। ਇਸ ਨਾਲ ਉਹ ਪੰਜਾਬ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਨਾਲ ਗੱਲਬਾਤ ਕਰ ਸਕਦੇ ਹਨ।

11 **M** ਮਦਨ - ਮੰਮੀ ਜੀ, ਕੀ ਮੈਂ ਆਪਣੇ ਦੋਸਤਾਂ ਨਾਲ ਕਰਿਕਟ ਦਾ ਮੈਚ ਦੇਖਣ ਜਾ ਸਕਦਾ ਹਾਂ?

**F** ਮੰਮੀ - ਹਾਂ ਕਿਉਂ ਨਹੀਂ, ਪਰ ਕਈ ਨੌਜਵਾਨ ਮੈਚਾਂ ਤੇ ਇਕੱਠੇ ਹੋ ਕੇ ਦੰਗੇ ਫਸਾਦ ਕਰਦੇ ਹਨ। ਇਹ ਗੱਲ ਚੰਗੀ ਤਰ੍ਹਾਂ ਸਮਝ ਲੈ ਕਿ ਤੂੰ ਇਹੋ ਜਿਹੇ ਲੋਕਾਂ ਤੋਂ ਦੂਰ ਰਹੀਂ।

**M** ਮਦਨ - ਮੰਮੀ ਜੀ, ਮੈਂ ਵਾਅਦਾ ਕਰਦਾ ਹਾਂ ਕਿ ਮੈਂ ਤੁਹਾਡਾ ਕਹਿਣਾ ਮੰਨਾਂਗਾ ਅਤੇ ਕੋਈ ਸ਼ਰਾਰਤ ਨਹੀਂ ਕਰਾਂਗਾ।

**F** ਮੰਮੀ - ਜੇ ਮੈਨੂੰ ਤੇਰੇ ਬਾਰੇ ਕੋਈ ਸ਼ਿਕਾਇਤ ਮਿਲੀ ਤਾਂ ਮੈਂ ਤੈਨੂੰ ਮੁੜ ਕੇ ਕਦੀ ਵੀ ਬਾਹਰ ਨਹੀਂ ਜਾਣ ਦੇਣਾ।

**M** ਮਦਨ - ਤੁਸੀਂ ਫਿਕਰ ਨਾ ਕਰੋ। ਮੈਂ ਹਮੇਸ਼ਾ ਤੁਹਾਡਾ ਕਹਿਣਾ ਮੰਨਦਾ ਹਾਂ ਅਤੇ ਮੈਂ ਤੁਹਾਨੂੰ ਕਦੀ ਵੀ ਸ਼ਿਕਾਇਤ ਦਾ ਮੌਕਾ ਨਹੀਂ ਦੇਵਾਂਗਾ।

**F** ਮੰਮੀ - ਅੱਜ ਵੀ ਮੈਚ ਖਤਮ ਹੁੰਦੇ ਸਾਰ ਮੈਨੂੰ ਫੋਨ ਕਰੀਂ ਅਤੇ ਮੈਂ ਤੈਨੂੰ ਲੈਣ ਆ ਜਾਵਾਂਗੀ। ਮੈਨੂੰ ਫਿਕਰ ਹੈ ਕਿ ਤੇਰੇ ਦੋਸਤਾਂ ਨੇ ਤੈਨੂੰ ਵਾਪਸ ਨਹੀਂ ਆਉਣ ਦੇਣਾ। ਮੈਂ ਇਹ ਬਿਲਕੁਲ ਨਹੀਂ ਚਾਹੁੰਦੀ ਕਿ ਤੂੰ ਅੱਧੀ ਰਾਤ ਤੱਕ ਘਰੋਂ ਬਾਹਰ ਰਹੇਂ ਅਤੇ ਤੈਨੂੰ ਕਿਸੇ ਤਰ੍ਹਾਂ ਦਾ ਵੀ ਨੁਕਸਾਨ ਪਹੁੰਚੇ।

12 **F** ਸੁਨੀਤਾ - ਰਣਬੀਰ ਜੀ ਮੈਨੂੰ ਇਹ ਦੱਸੋ ਕਿ ਤੁਸੀਂ ਇੰਟਰਨੈੱਟ ਤੋਂ ਜਾਣਕਾਰੀ ਪ੍ਰਾਪਤ ਕਰਨ ਨੂੰ ਇੰਨਾ ਮਾੜਾ ਕਿਉਂ ਸਮਝਦੇ ਹੋ?

**M** ਰਣਬੀਰ - ਉਹ ਇਸ ਲਈ ਕਿ ਬੱਚੇ ਇੰਟਰਨੈੱਟ ਤੋਂ ਚੰਗੀਆਂ ਗੱਲਾਂ ਸਿੱਖਣ ਦੀ ਬਜਾਏ ਮਾੜੀਆਂ ਗੱਲਾਂ ਵੀ ਸਿੱਖ ਸਕਦੇ ਹਨ। ਉਹ ਅਜਿਹੀਆਂ ਵੈੱਬ-ਸਾਈਟਾਂ ਤੇ ਜਾ ਸਕਦੇ ਹਨ ਜੋ ਉਹਨਾਂ ਲਈ ਉਚਿਤ ਨਹੀਂ ਹਨ। ਬੱਚੇ ਖਰਾਬ ਬੋਲੀ ਵੀ ਸੁਣ ਸਕਦੇ ਹਨ। ਕਈ ਵਾਰੀ ਤਾਂ ਬੱਚੇ ਪੜ੍ਹਾਈ ਕਰਨ ਦੇ ਬਹਾਨੇ ਮਾਪਿਆਂ ਤੋਂ ਚੋਰੀ ਖੇਡਾਂ ਹੀ ਖੇਡਦੇ ਰਹਿੰਦੇ ਹਨ। ਇਸ ਨਾਲ ਬੱਚਿਆਂ ਦੇ ਦਿਮਾਗ ਤੇ ਭੈੜਾ ਅਸਰ ਪੈਂਦਾ ਹੈ ਅਤੇ ਉਹ ਬੁਰੀਆਂ ਆਦਤਾਂ ਸਿੱਖਦੇ ਹਨ।

ਰਣਬੀਰ - ਪਰ ਸੁਨੀਤਾ ਜੀ ਤੁਸੀਂ ਇੰਟਰਨੈੱਟ ਬਾਰੇ ਕੀ ਸੋਚਦੇ ਹੋ?

**F** ਪਹਿਲਾਂ ਪਹਿਲਾਂ ਤਾਂ ਮੈਨੂੰ ਵੀ ਇਹ ਬੁਰਾ ਲਗਦਾ ਸੀ ਪਰ ਮੈਂ ਸਮਝਦੀ ਹਾਂ ਕਿ ਜੇ ਇੰਟਰਨੈੱਟ ਦੀ ਸਹੀ ਢੰਗ ਨਾਲ ਵਰਤੋਂ ਕੀਤੀ ਜਾਵੇ ਤਾਂ ਇਸ ਨਾਲ ਬੱਚਿਆਂ ਦੇ ਗਿਆਨ ਵਿੱਚ ਕਾਫੀ ਵਾਧਾ ਹੋ ਸਕਦਾ ਹੈ ਕਿਉਂਕਿ ਇਸ ਉੱਤੇ ਪੜ੍ਹਾਈ ਸਬੰਧੀ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਬੱਚੇ ਕਈ ਪ੍ਰਕਾਰ ਦੀਆਂ ਦਿਲਚਸਪ ਖੇਡਾਂ ਵੀ ਖੇਡ ਸਕਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਧਿਆਨ ਰੱਖਣ ਕਿ ਬੱਚੇ ਇੰਟਰਨੈੱਟ ਦਾ ਸਹੀ ਉਪਯੋਗ ਕਰਦੇ ਹਨ ਕਿ ਨਹੀਂ ਕਿਉਂਕਿ ਇਸ ਨਾਲ ਬੱਚਿਆਂ ਦੀ ਸੁਰੱਖਿਅਤਾ ਲਈ ਵੱਡਾ ਖਤਰਾ ਹੋ ਸਕਦਾ ਹੈ।

**END OF TEST**

**Blank page**

**Blank page**

**Blank page**

Copyright © 2012 AQA and its licensors. All rights reserved.